# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.)
ਪੰਜਾਬ।

ਮੀਮੋ ਨੰ:ਐਸਐਸਏ/ਐਮਸੀ/2009/79787-79826
ਮਿਤੀ,ਚੰਡੀਗੜ੍ਹ 15.12.09

ਵਿਸ਼ਾ:- **ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਪੰਜਵੀਂ ਜਮਾਤ ਦੀ ਹਿਸਾਬ ਅਤੇ ਅੱਠਵੀਂ ਜਮਾਤ ਦੀ ਹਿਸਾਬ ਅਤੇ ਸਾਇੰਸ ਦੇ ਬੱਚਿਆਂ ਦੀ ਪ੍ਰਤੀਯੋਗੀ ਪ੍ਰੀਖਿਆ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਜਿਵੇਂ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਪਿਛਲੇ ਸਾਲ 2008-09 ਤੋਂ ਹਿਸਾਬ ਅਤੇ ਸਾਇੰਸ ਦੀ ਪੜ੍ਹਾਈ ਨੂੰ ਵਧਾਵਾ ਦੇਣ ਲਈ ਰਾਜ ਪੱਧਰ ਤੇ ਬਹੁਤ ਅਹਿਮ ਕਦਮ ਚੁੱਕੇ ਜਾ ਰਹੇ ਹਨ। ਇਸ ਸਬੰਧ ਵਿਚ ਪੰਜਵੀਂ ਅਤੇ ਅੱਠਵੀਂ ਜਮਾਤ ਵਿਚ ਪੜ੍ਹ ਰਹੇ ਵਿਦਿਆਰਥੀਆਂ ਲਈ ਪ੍ਰਤੀਯੋਗੀ ਪ੍ਰੀਖਿਆ ਮਿਤੀ 08.01.10 ਅਤੇ ਮਿਤੀ 10.02.10 ਨੂੰ ਕਰਵਾਈ ਜਾਣੀ ਹੈ। ਇਸ ਸਬੰਧ ਵਿਚ ਆਪਣੇ ਆਪਣੇ ਜ਼ਿਲ੍ਹੇ ਵਿਚ ਹੇਠ ਲਿਖੇ ਕੰਮ ਕਰਨੇ ਯਕੀਨੀ ਬਣਾਏ ਜਾਣੇ।

1.0 ਅਧਿਆਪਕਾਂ ਨੂੰ ਆਦੇਸ਼ ਦਿੱਤੇ ਜਾਣ ਕਿ ਉਹ ਆਪਣੇ ਆਪਣੇ ਸਕੂਲਾਂ ਦੇ ਚਾਹਵਾਨ ਵਿਦਿਆਰਥੀਆਂ ਦੇ ਨਾਂ ਰਜਿਸਟਰ ਕਰਕੇ ਡੀ.ਈ.ਓ. ਦਫਤਰ ਨੂੰ ਭੇਜ ਦੇਣ ਅਤੇ ਉਹਨਾਂ ਵਿਦਿਆਰਥੀਆਂ ਦੀ ਗਿਣਤੀ 24.12.09 ਤੱਕ ਜ਼ਿਲ੍ਹਾ ਪੱਧਰ ਤੇ ਭੇਜ਼ ਦਿੱਤੀ ਜਾਵੇ।

2.0 ਇਸ ਪ੍ਰਤੀਯੋਗੀ ਪ੍ਰੀਖਿਆ ਵਿਚ ਸਮੂਹ ਪੰਜਾਬ ਭਰ ਦੇ ਵਿਦਿਆਰਥੀ ਹੀ ਭਾਗ ਲੈਣਗੇ ।

3.0 ਅੱਠਵੀਂ ਅਤੇ ਪੰਜਵੀਂ ਦਾ ਪ੍ਰਤੀਯੋਗੀ ਪ੍ਰੀਖਿਆ ਵਿਚ ਆਉਣ ਵਾਲਾ ਸਿਲੇਬਸ:

| ਲੜੀ ਨੰ: | ਜਮਾਤ | ਵਿਸ਼ਾ | ਸਿਲੇਬਸ |
|---|---|---|---|
| 1 | ਪੰਜਵੀਂ | ਮੈਥ | ਅਪ੍ਰੈਲ 09 ਤੋਂ ਦਸੰਬਰ 09 ਤੱਕ |
| 2 | ਅੱਠਵੀਂ | ਮੈਥ | ਅਪ੍ਰੈਲ 09 ਤੋਂ ਦਸੰਬਰ 09 ਤੱਕ |
| 3 | ਅੱਠਵੀਂ | ਸਾਇੰਸ | ਅਪ੍ਰੈਲ 09 ਤੋਂ ਦਸੰਬਰ 09 ਤੱਕ |

ਜ਼ਿਲ੍ਹਾ ਪੱਧਰੀ ਪ੍ਰਤੀਯੋਗੀ ਪ੍ਰੀਖਿਆ ਦੀ ਡੇਟਸ਼ੀਟ :-

| ਲੜੀ ਨੰ: | ਪੱਧਰ | ਜਮਾਤ | ਮਿਤੀ ਦਿਨ | ਵਿਸ਼ਾ | ਸਮਾਂ |
|---|---|---|---|---|---|
| 1 | ਜ਼ਿਲ੍ਹਾ ਪੱਧਰ | ਅੱਠਵੀਂ | 08.01.10 ਸ਼ੁਕਰਵਾਰ | ਹਿਸਾਬ | ਸਵੇਰੇ 11 ਵਜੇ ਤੋਂ ਦੁਪਹਿਰ 1:00 ਵਜੇ ਤੱਕ |
| 2 | ਜ਼ਿਲ੍ਹਾ ਪੱਧਰ | ਪੰਜਵੀਂ | 08.01.10 ਸ਼ੁਕਰਵਾਰ | ਹਿਸਾਬ | ਸਵੇਰੇ 11 ਵਜੇ ਤੋਂ ਦੁਪਹਿਰ 1:00 ਵਜੇ ਤੱਕ |
| 3 | ਜ਼ਿਲ੍ਹਾ ਪੱਧਰ | ਅੱਠਵੀਂ | 08.01.10 ਸ਼ੁਕਰਵਾਰ | ਸਾਇੰਸ | ਦੁਪਹਿਰ 2:00 ਵਜੇ ਤੋਂ ਸ਼ਾਮ 4:00 ਵਜੇ ਤੱਕ |

ਰਾਜ ਪੱਧਰੀ ਪ੍ਰਤੀਯੋਗੀ ਪ੍ਰੀਖਿਆ ਦੀ ਡੇਟਸ਼ੀਟ :-

| ਲੜੀ ਨੰ: | ਪੱਧਰ | ਜਮਾਤ | ਮਿਤੀ ਦਿਨ | ਵਿਸ਼ਾ | ਸਮਾਂ |
|---|---|---|---|---|---|
| 1 | ਰਾਜ ਪੱਧਰ | ਅੱਠਵੀਂ | 10.02.10 ਬੁੱਧਵਾਰ | ਹਿਸਾਬ | ਸਵੇਰੇ 11 ਵਜੇ ਤੋਂ ਦੁਪਹਿਰ 1:00 ਵਜੇ ਤੱਕ |
| 2 | ਰਾਜ ਪੱਧਰ | ਪੰਜਵੀਂ | 10.02.10 ਬੁੱਧਵਾਰ | ਹਿਸਾਬ | ਸਵੇਰੇ 11 ਵਜੇ ਤੋਂ ਦੁਪਹਿਰ 1:00 ਵਜੇ ਤੱਕ |
| 3 | ਰਾਜ ਪੱਧਰ | ਅੱਠਵੀਂ | 10.02.10 ਬੁੱਧਵਾਰ | ਸਾਇੰਸ | ਦੁਪਹਿਰ 2:00 ਵਜੇ ਤੋਂ ਸ਼ਾਮ 4:00 ਵਜੇ ਤੱਕ |

ਰਾਜ ਪੱਧਰੀ ਪ੍ਰਤੀਯੋਗਿਤਾ ਲਈ ਸਮੂਹ ਪੰਜਾਬ ਰਾਜ ਨੂੰ ਤਿੰਨ ਜ਼ੋਨਾ ਵਿਚ ਵੰਡਿਆ ਹੈ। ਉਹ ਜ਼ੋਨ ਅਤੇ ਉਹਨਾਂ ਵਿਚਲੇ ਜ਼ਿਲ੍ਹੇ ਹੇਠ ਲਿਖੇ ਅਨੁਸਾਰ ਹਨ:

| ਲੜੀ ਨੰ: | ਜ਼ੋਨ | ਜ਼ਿਲ੍ਹਾ |
|---|---|---|
| 1 | ਜਲੰਧਰ | ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਕਪੂਰਥਲਾ |
| 2 | ਮੋਗਾ | ਫਿਰੋਜ਼ਪੁਰ, ਫਰੀਦਕੋਟ, ਬਠਿੰਡਾ, ਲੁਧਿਆਣਾ, ਮੁਕਤਸਰ |
| 3 | ਪਟਿਆਲਾ | ਮਾਨਸਾ, ਸੰਗਰੂਰ, ਫਤਿਹਗੜ੍ਹ ਸਾਹਿਬ, ਮੋਹਾਲੀ, ਰੋਪੜ, ਬਰਨਾਲਾ |

3.0 ਹਿਸਾਬ ਅਤੇ ਸਾਇੰਸ ਦਾ ਪੇਪਰ 100, 100 ਅੰਕਾਂ ਦੇ ਹੋਣਗੇ।

4.0 ਟੈਸਟ ਕੰਡਕਟ ਕਰਨ ਦਾ ਪ੍ਰੋਗਰਾਮ ਆਪਣੇ ਜ਼ਿਲ੍ਹੇ ਦੇ ਡੀ.ਐਸ.ਐਸ. ਨਾਲ ਮਿਲ ਕੇ ਬਣਾ ਲਿਆ ਜਾਵੇ।

5.0 ਬੱਚਿਆਂ ਦੀ ਗਿਣਤੀ ਅਨੁਸਾਰ ਸੈਂਟਰ ਬਣਾ ਲਏ ਜਾਣ ।

6.0 ਸੁਪਰਡੈਂਟਾਂ ਦੀ ਡਿਊਟੀ ਡਾਇਟ ਸਟਾਫ ਅਤੇ ਇਨ-ਸਰਵਿਸ ਟੇਨਿੰਗ ਸੈਂਟਰਾਂ ਵਿਚੋਂ ਲਗਾਈ ਜਾਵੇ ਅਤੇ ਨਿਗਰਾਨਾਂ ਦੀਆਂ ਡਿਊਟੀਆਂ ਲੈਕਚਰਾਰਾਂ ਦੀਆਂ ਲਾਈਆਂ ਜਾਣ ।

7.0 ਪ੍ਰਸ਼ਨ ਪੱਤਰ ਪੇਪਰ ਤੋਂ ਦੋ ਦਿਨ ਪਹਿਲਾਂ ਆਪ ਦੇ ਜ਼ਿਲ੍ਹੇ ਦੇ ਵਿਚ ਪਹੁੰਚਾ ਦਿੱਤੇ ਜਾਣਗੇ ਅਤੇ ਇਹ ਪ੍ਰਸ਼ਨ ਪੱਤਰ ਸੈਂਟਰਾਂ ਨੂੰ ਆਪ ਵੱਲੋਂ ਵੰਡੇ ਜਾਣਗੇ।

8.0 ਉਤਰ ਪੱਤਰੀਆਂ ਦਾ ਪ੍ਰਬੰਧ ਅਤੇ ਚੈਕਿੰਗ ਆਪ ਵੱਲੋਂ ਕਾਰਵਾਈ ਜਾਣੀ ਹੈ।

9.0 ਸੁਪਰਡੈਂਟਾਂ, ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ, ਨਿਗਰਾਨ ਅਧਿਆਪਕਾਂ ਅਤੇ ਚੌਥੇ ਦਰਜੇ ਦੇ ਕਰਮਚਾਰੀਆਂ ਦੀ ਰਕਮ ਅਦਾਇਗੀ ਆਪ ਵੱਲੋਂ ਕੀਤੀ ਜਾਣੀ ਹੈ।

10.0 ਜ਼ਿਲ੍ਹਾ ਪੱਧਰੀ ਅਤੇ ਰਾਜ ਪੱਧਰੀ ਪ੍ਰਤੀਯੋਗੀ ਪ੍ਰੀਖਿਆ (ਪਹਿਲਾ, ਦੂਜਾ, ਤੀਜਾ) ਨਤੀਜਾ ਤਿਆਰ ਕਰਕੇ ਰਿਪੋਰਟ ਹੈੱਡ ਆਫਿਸ ਦੇ ਈ - ਮੇਲ (ssa.aspdmath@gmail.com and ssa.aspdscience@gmail.com) ਰਾਹੀਂ ਭੇਜੀ ਜਾਵੇ ਅਤੇ ਇਸ ਸਬੰਧ ਵਿਚ ਸਪਸ਼ਟੀਕਰਨ ਲਈ 9915620856 ਅਤੇ 9888131031 ਨਾਲ ਸੰਪਰਕ ਕਰ ਲਿਆ ਜਾਵੇ।

11.0 ਹਰੇਕ ਜ਼ਿਲੇ ਵਿਚੋਂ ਪਹਿਲਾ, ਦੂਜਾ ਅਤੇ ਤੀਜਾ ਦਰਜਾ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ 2100/-, 1500/- ਅਤੇ 1000/- ਰੁਪਏ ਕੈਸ਼ ਇਨਾਮ ਦਿੱਤਾ ਜਾਵੇਗਾ।

12.0 ਰਾਜ ਪੱਧਰ ਤੇ ਪਹਿਲਾ, ਦੂਜਾ ਅਤੇ ਤੀਜਾ ਦਰਜਾ ਹਾਸਲ ਕਰਨ ਵਾਲੇ ਬੱਚਿਆਂ ਨੂੰ 5100/-, 4100/- ਅਤੇ 3100/- ਕੈਸ਼ ਇਨਾਮ ਦਿੱਤਾ ਜਾਵੇਗਾ।

13.0 ਜ਼ਿਲ੍ਹਾ ਪੱਧਰ ਤੇ ਨਕਦੀ ਇਨਾਮਾਂ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ LEP ਗਰਾਂਟ ਵਿੱਚੋਂ ਜ਼ਿਲ੍ਹਾ ਪੱਧਰ ਤੇ ਕੀਤੀ ਜਾਵੇਗੀ।

14.0 ਰਾਜ ਪੱਧਰ ਤੇ ਨਕਦੀ ਇਨਾਮਾਂ ਲਈ ਖਰਚਾ ਸਰਵ ਸਿੱਖਿਆ ਅਭਿਆਨ ਅਧੀਨ ਦਿੱਤੀ ਗਈ LEP ਗਰਾਂਟ ਵਿੱਚੋਂ ਰਾਜ ਪੱਧਰ ਤੇ ਕੀਤੀ ਜਾਵੇਗੀ।

15.0 ਜਿਹੜੇ ਜ਼ਿਲ੍ਹੇ ਵਿਚ ਵੱਧ ਬੱਚੇ ਟੈਸਟ ਦੇਣਗੇ ਉਸ ਜ਼ਿਲ੍ਹੇ ਦੇ ਡੀ.ਈ.ਓ. ਅਤੇ ਡੀ.ਐਸ.ਐਸ. ਨੂੰ ਪ੍ਰਸ਼ੰਸਾ ਪੱਤਰ ਦਿੱਤਾ ਜਾਵੇਗਾ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ
ਪੰਜਾਬ,ਚੰਡੀਗੜ੍ਹ